


# ਸਾਈਕਲ ਦੀ ਕਹਾਣੀ



ਮੇਰਾ ਨਾਂ ਸਾਈਕਲ ਹੈ, ਮੇਰੇ ਕਈ ਭਾਗ ਹਨ, ਹਰ ਭਾਗ ਦਾ ਆਪਣਾ ਕੰਮ ਹੈ। ਕਿਸੇ ਵੀ ਅੰਗ ਦੀ ਘਾਟ ਤੋਂ ਬਿਨਾਂ ਮੇਰਾ ਜੀਵਨ ਅਧੂਰਾ ਅਤੇ ਨੀਰਸ ਹੋ ਜਾਂਦਾ ਹੈ। ਹਰ ਭਾਗ ਆਪਣਆ-ਆਪਣਾ ਕੰਮ ਕਰਦਾ ਹੈ ਕਿਉਂਕਿ ਉਸਨੂੰ ਜੋ ਵੀ ਕੰਮ ਸੌਂਪਿਆ ਗਿਆ ਹੈ, ਉਸ ਨੇ ਉਸਨੂੰ ਹੁਕਮ ਅਨੁਸਾਰ ਕਰਨਾ ਹੀ ਹੈ। ਬਰੇਕ ਲਗਾਓ ਮੈਂ ਝੱਟ ਰੁਕ ਜਾਂਦਾ ਹਾਂ, ਪੈਡਲ ਚਲਾਓ ਸਾਈਕਲ (ਮੈਂ) ਹੋਰ ਅੱਗੇ ਵਧਦਾ ਹਾਂ, ਹੋਰ ਤੇਜ਼ ਚਲਾਓ ਹੋਰ ਤੇਜ਼ ਹੋ ਜਾਂਦਾ ਹਾਂ, ਕੋਈ ਖਤਰਾ ਹੈ, ਕੋਈ ਮੂਹਰੋਂ ਆ ਰਿਹਾ ਹੈ, ਘੰਟੀ ਵਜਾਓ ਰਸਤਾ ਸਾਫ਼ ਹੋ ਜਾਂਦਾ ਹੈ, ਆਪਣੀ ਮੰਜ਼ਿਲ ਹੋਰ ਨੇੜੇ ਹੁੰਦੀ ਜਾਵੇਗੀ। ਜੇਕਰ ਮੇਰੇ ਟਾਇਰਾਂ ਵਿਚ ਹਵਾ ਘੱਟ ਜਾਵੇ, ਤੁਰੰਤ ਭਰ ਲਵੋ ਕਿਉਂਕਿ ਘੱਟ ਹਵਾ ਨਾਲ ਚੱਲਣ ਵਿਚ ਮੁਸ਼ਕਿਲ ਪੈਦਾ ਹੋਵੇਗੀ। ਮੇਰਾ ਗਜ਼ (ਤਾਰ) ਟੁੱਟ ਗਈ, ਤੁਰੰਤ ਨਵੀਂ ਪਵਾਓ ਕਿਉਂਕਿ ਇਸਦੀ ਘਾਟ ਕਾਰਨ ਮੇਰੇ ਚੱਕੇ ਵਿਚ ਨੁਕਸ ਪੈ ਸਕਦਾ ਹੈ ਮਿੱਟੀ ਘੱਟੇ ਤੋਂ ਬਚਾਉਣ ਲਈ ਮੇਰੀ ਸਫ਼ਾਈ ਜ਼ਰੂਰੀ ਹੈ।



ਅਸੀਂ ਹਰ ਰੋਜ਼ ਆਪਣੇ ਸਰੀਰ ਦੀ ਸਫ਼ਾਈ ਕਰਦੇ ਹਾਂ, ਸੋ ਹਫ਼ਤੇ ਵਿਚ ਦੋ ਦਿਨ ਮੇਰੀ ਸਫ਼ਾਈ ਕਰਦੇ ਜਾਓ, ਫਿਰ ਵੇਖੋ ਮੈਂ ਕਿੱਦਾਂ ਤੁਹਾਡੀ ਸੇਵਾ ਕਰਦਾ ਹਾਂ। ਮੇਰੇ ਹਰ ਅੰਗ ਨੂੰ ਚੰਗੀ ਤਰ੍ਹਾਂ ਸਾਫ਼ ਕਰੋ, ਗਰੀਸ ਦੀ ਵਰਤੋਂ ਕਰੋ ਜਾਂ ਫਿਰ ਤੇਲ ਨਾਲ ਵੀ ਸਾਫ਼ ਕੀਤਾ ਜਾ ਸਕਦਾ ਹੈ। ਮੇਰਾ ਹਰ ਅੰਗ ਜਦੋਂ ਲਿਸ਼ਕੇਗਾ, ਮੈਨੂੰ ਹਰ ਕੋਈ ਪਿਆਰ ਕਰੇਗਾ, ਮੈਂ ਝੱਟ ਉਸਨੂੰ ਮੰਜ਼ਿਲ ਉੱਤੇ ਪਹੁੰਚਾ ਦਿਆਂਗਾ, ਜਿਹੜਾ ਮੇਰਾ ਧਿਆਨ ਰੱਖੇਗਾ, ਪ੍ਰੰਤੂ ਇਸਦੇ ਉਲਟ ਜੋ ਮੇਰੀ ਸਾਰ ਨਹੀਂ ਲਵੇਗਾ, ਮੈਂ ਉਸਦੀ ਕੀ ਸਹਾਇਤਾ ਕਰਾਂਗਾ?

ਮੈਨੂੰ ਵੱਡੇ-ਵੱਡੇ ਕਾਰਖਾਨਿਆਂ ਵਿਚ ਤਿਆਰ ਕੀਤਾ ਜਾਂਦਾ ਹੈ। ਮੇਰਾ ਹਰ ਅੰਗ ਦੂਰ ਦੁਰਾਡੇ ਭੇਜਿਆ ਜਾਂਦਾ ਹੈ, ਸਮਝੋ ਫਿਰ ਮੈਂ ਤਿਆਰ-ਬਰ-ਤਿਆਰ ਹੋ ਕੇ ਸਜ ਜਾਂਦਾ ਹਾਂ; ਮੈਨੂੰ ਗ੍ਰਾਹਕ ਖਰੀਦ ਕੇ ਲੈ ਜਾਂਦਾ ਹੈ, ਤਾਲਾ ਮੇਰਾ ਮੁੱਖ ਅੰਗ ਹੈ ਕਿਉਂਕਿ ਤਾਲੇ ਤੋਂ ਬਿਨਾਂ ਮੈਂ ਚੋਰ ਹਾਂ, ਕੋਈ ਵੀ ਚੋਰ ਸਾਥੀ ਚੋਰ ਨੂੰ ਭਜਾ ਕੇ ਲਿਜਾ ਸਕਦਾ ਹੈ। ਮੇਰਾ ਰੰਗ ਕਾਲਾ ਅਤੇ ਲਾਲ ਹੈ। ਮੈਂ ਕਈ ਕਿਸਮਾਂ ਵਿਚ ਮਿਲਦਾ ਹਾਂ। ਮੇਰੀ ਕੀਮਤ 1500 ਤੋਂ ਲੈ ਕੇ 40000 ਰੁਪਏ ਤੱਕ ਹੈ। ਮੈਨੂੰ ਦੌੜਾਕ ਵੱਡੇ-ਵੱਡੇ ਮੈਦਾਨਾਂ ਵਿਚ ਦੌੜਾਂਦੇ ਹਨ ਅਤੇ ਭਾਰੀ ਇਨਾਮ ਜਿੱਤਦੇ ਹਨ। ਮੇਰੇ ਸਿਰ ਤੇ ਤਾਜ ਪਹਿਨਾਇਆ ਜਾਂਦਾ ਹੈ ਕਿਉਂਕਿ ਮੈਂ ਉਨ੍ਹਾਂ ਲਈ ਸਨਮਾਨ ਜੋ ਹਾਸਿਲ ਕੀਤਾ ਹੁੰਦਾ ਹੈ।

ਜਨਮ ਦਿਨ ਅਤੇ ਪਾਸ ਹੋਣ ਦੀ ਖੁਸ਼ੀ ਵਿਚ ਤੋਹਫ਼ੇ ਦੇ ਰੂਪ ਵਿਚ ਮੈਨੂੰ ਦਿੱਤਾ ਜਾਂਦਾ ਹੈ। ਭਾਵੇਂ ਅੱਜ ਵਿਗਿਆਨਕ ਯੁੱਗ ਵਿਚ ਮੇਰੀ ਕਦਰ ਘੱਟ ਰਹੀ ਹੈ ਪਰੰਤੂ ਇਹ ਘਾਟ ਮੈਂ ਮਹਿਸੂਸ ਨਹੀਂ ਕਰ ਰਿਹਾ, ਕਿਉਂਕਿ ਗਰੀਬ ਲੋਕਾਂ ਲਈ ਮੈਂ ਮਸੀਹਾ ਹਾਂ, ਜਿਨ੍ਹਾਂ ਨੂੰ ਆਪਣੀਆਂ ਮੰਜ਼ਿਲਾਂ ਤੇ ਪਹੁੰਚਾ ਰਿਹਾ ਹਾਂ ਕਿਉਂਕਿ ਉਨ੍ਹਾਂ ਨੂੰ ਮੇਰੇ ਉੱਤੇ ਪੈਟਰੋਲ ਦਾ ਖਰਚਾ ਨਹੀਂ ਕਰਨਾ ਪੈਂਦਾ, ਮੈਂ ਉਨ੍ਹਾਂ ਦੀ ਦਿਨ-ਰਾਤ ਸੇਵਾ ਕਰ ਰਿਹਾ ਹਾਂ।

ਰਾਜਿੰਦਰ ਵਰਮਾ

ਏਕਮਜੋਤ ਸਿੰਘ
ਪੁਰਬਾ
* * *
ਉਮੰਗਦੀਪ ਕੌਰ
ਪੁਰਬਾ










# ਅਸੀਂ ਕੀ ਕਰ ਰਹੇ ਹਾਂ?

ਪ੍ਰਭਜੋਤ ਸੋਹੀ

ਸਾਡੇ ਲੋਕਾਂ ਦਾ ਖਾਸ ਕਰਕੇ ਪੰਜਾਬੀਆਂ ਦਾ ਕਿਸੇ ਗੰਭੀਰ, ਸੰਜੀਦਾ ਸੁਆਲ ਦੇ ਸਨਮੁਖ ਖੜੇ ਹੋਣ ਦਾ ਮਾਦਾ ਈ ਨੀ ਰਿਹਾ ਹੁਣ। ਆਲਮੀ ਮੰਡੀ ਦੀ ਸਿਰਜੀ ਇਸ ਮਸਨੂਈ ਚਕਾਚੌਂਦ ਨੇ ਸਾਡੀ ਸੋਚ ਸਾਡੀ ਸੁਰਤ ਨੂੰ ਇਸ ਕਦਰ ਗੁਲਾਮ ਬਣਾ ਲਿਆ ਹੈ ਸੰਜੀਦਾ ਮਸਲੇ, ਗੱਲਬਾਤ ਜਾਂ ਵਰਤਾਰੇ ਤੋਂ ਅੱਖ ਬਚਾ ਕੇ ਲੰਘਣ ਦੀ ਕੋਸ਼ਿਸ਼ ਕਰਦੇ ਆਂ ਅਸੀਂ। ਹਥਿਆਰਾਂ ਦੀ ਭੱਦੀ ਨੁਮਾਇਸ਼ ਕਰਦੇ ਸਤਹੀ ਗੀਤਾਂ, ਪੇਤਲੀਆਂ ਤੇ ਦੋ ਅਰਥੀ ਸੰਵਾਦਾ ਵਾਲੀਆਂ ਫਿਲਮਾਂ ਅਤੇ ਗੰਦੇ ਨਾਚਾਂ ਤੇ ਅਸੀਂ ਕੂਕਾਂ ਚੀਖਾਂ ਮਾਰ ਮਾਰ ਕੇ ਅੰਦਰਲੇ ਖਿਲਾਅ ਨੂੰ ਭਰਨ ਦਾ ਯਤਨ ਕਰਦੇ ਕਰਦੇ ਹੋਰ ਵੀ ਖਾਲੀ ਹੋਈ ਤੁਰੇ ਜਾਨੇ ਆਂ।

ਬੁਧੂ ਬਕਸੇ ਵਾਲੀ ਡਰਿਪ ਰਾਹੀਂ ਜ਼ਹਿਰ ਲਗਾਤਾਰ ਸਾਡੀਆਂ ਧਮਣੀਆਂ 'ਚ ਧੱਕਿਆ ਜਾ ਰਿਹਾ ਹੈ ਪਰ ਅਸੀਂ ਸੰਮੋਹਨੀ ਨੀਂਦ 'ਚ ਸੁਤੇ ਅਚੇਤਨ ਹੀ ਉਹਦੇ ਵੱਲ ਝਾਕੀ ਜਾਨੇਂ ਆਂ ਤੇ ਆਪਣੇ ਆਪ ਨੂੰ ਬਜ਼ਾਰ ਦੇ ਮੇਚ ਦਾ ਕਰਨ ਦੀ ਕੋਸ਼ਿਸ਼ 'ਚ ਪਤਾ ਹੀ ਨਹੀਂ ਲੱਗਦਾ ਕਦ ਸਾਡੀ ਹੋਂਦ ਸੁੰਘੜ ਕੇ ਸਰਮਾਏਦਾਰੀ ਲਾਕਰਾਂ 'ਚ ਕੈਦ ਹੋ ਜਾਂਦੀ ਹੈ। ਜੇ ਕੋਈ ਹਰਿਉ ਬੂਟ ਸਾਨੂੰ ਝੰਜੋੜ ਕੇ ਗਹਿਰੀਆਂ ਨੀਂਦਾਂ 'ਚੋਂ ਜਗਾਉਣ ਦਾ ਯਤਨ ਕਰਦਾ ਹੈ ਤਾਂ ਸਾਨੂੰ ਵਿਉਹ ਅਰਗਾ ਲੱਗਦਾ।

ਸਮਾਜ ਅੰਦਰ ਫੈਲ ਰਹੀ ਅਰਾਜਕਤਾ, ਬੇਚੈਨੀ, ਮਾਰਧਾੜ ਅਤੇ ਕਤਲੋਗਾਰਦ ਲਈ ਸਾਡਾ ਭੜਕਾਊ ਗੀਤ ਸੰਗੀਤ, ਉਕਸਾਊ ਫਿਲਮਾਂ ਤੇ ਹਲਕੀ ਕਿਸਮ ਦਾ ਸਾਹਿਤ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਵੱਖੋ-ਵੱਖ ਸੈਮੀਨਾਰਾਂ, ਸਮਾਜਿਕ ਮਿਲਣੀਆਂ, ਅਤੇ ਮਿੱਤਰ ਮੰਡਲੀਆਂ 'ਚ ਸਮਾਜ 'ਚ ਆ ਰਹੇ ਇਸ ਬੇਹੱਦ ਖਤਰਨਾਕ ਨਿਘਾਰ ਬਾਰੇ ਗੱਲਾਂ ਦੇ ਕੜਾਹ ਬਣਾਏ ਤੇ ਖਾਏ ਜਾ ਰਹੇ ਨੇ। ਆਉਣ ਵਾਲੀ ਪੀੜ੍ਹੀ ਪ੍ਰਤੀ ਚਿੰਤਾ ਦਾ ਪ੍ਰਗਟਾਵਾ ਬੜੇ ਭਾਰੇ ਤੇ ਅਲੰਕਾਰਮਈ ਸ਼ਬਦਾਂ 'ਚ ਕੀਤਾ ਜਾ ਰਿਹੈ ਪਰ ਨਤੀਜਾ ਉਹੀ ਢਾਕ ਕੇ ਤੀਨ ਪਾਤ...। ਦਰਅਸਲ ਕਿਸੇ ਵੀ ਪ੍ਰਭਾਵ ਨੂੰ ਪੇਤਲਾ ਕਰਨ ਵਾਸਤੇ ਉਸ ਨਾਲੋਂ ਵੀ ਵੱਡਾ ਪ੍ਰਭਾਵ ਸਿਰਜਣਾ ਪੈਂਦੈ। ਕਿਸੇ ਵੀ ਲਕੀਰ ਨੂੰ ਛੋਟਾ ਕਰਨ ਦੀ ਸਭ ਤੋਂ ਵਧੀਆ ਤਕਨੀਕ ਉਸ ਨਾਲੋਂ ਵੱਡੀ ਲਕੀਰ ਖਿੱਚਣਾ ਹੀ ਹੈ। ਜੇ ਪੰਜਾਬੀ ਗੀਤ ਸੰਗੀਤ ਜਾਂ ਫਿਲਮਾਂ ਦੀ ਗੱਲ ਕਰੀਏ ਤਾਂ ਪਿਛਲੇ ਸਮੇਂ 'ਚ ਵੀ ਅਤੇ ਹੁਣ ਵੀ ਕਈ ਜਾਗਦੀਆਂ ਰੂਹਾਂ, ਅਸਲੋਂ ਫਿਕਰਮੰਦ ਲੋਕ ਵੱਡੀਆਂ ਲਕੀਰਾਂ ਖਿੱਚਣ ਦੀ ਕੋਸ਼ਿਸ਼ ਕਰਦੇ ਆ ਰਹੇ ਨੇ ਤੇ ਹੁਣ ਵੀ ਕਰ ਰਹੇ ਨੇ।

ਸਮਾਜਿਕ ਸਰੋਕਾਰਾਂ ਨਾਲ ਜੁੜੀਆਂ ਫਿਲਮਾਂ ਤੇ ਅਰਥ ਭਰਪੂਰ ਗੀਤ ਵੀ ਮੰਡੀ 'ਚ ਆ ਰਹੇ ਨੇ। ਪਰ ਅਸੀਂ ਆਮ ਲੋਕ, ਅਸੀਂ ਕੀ ਕਰ ਰਹੇ ਆਂ? ਕਿਸ ਤਰ੍ਹਾਂ ਦੀ ਭੂਮਿਕਾ ਨਿਭਾ ਰਹੇ ਆਂ? ਵਿਚਾਰ ਗੋਸ਼ਟੀਆਂ 'ਚ ਵੱਡੇ ਦਮਗਜ਼ੇ ਮਾਰਨ ਵਾਲੇ, ਪ੍ਰਧਾਨਗੀਆਂ ਦੀਆਂ ਕੁਰਸੀਆਂ ਤੋੜਨ ਵਾਲੇ, ਆਥਣ ਉਗਣ ਮਾੜੀਆਂ ਫਿਲਮਾਂ, ਮਾੜੇ ਗੀਤਾਂ ਨੂੰ ਪਾਣੀ ਪੀ ਪੀ ਕੋਸਣ ਵਾਲੇ... ਕੀ ਅਸੀਂ ਚੰਗੀ ਫਿਲਮ ਦਾ ਨਿਰਮਾਣ ਕਰਨ ਵਾਲੇ ਜਾਂ ਚੰਗਾ ਗੀਤ ਲਿਖਣ ਗਾਉਣ ਵਾਲੇ ਜਾਂ ਫਿਰ ਨਰੋਏ ਸਮਾਜ ਦੀ ਸਿਰਜਣਾ ਲਈ ਯਤਨਸ਼ੀਲ ਕਿਸੇ ਸਾਹਿਤਕਾਰ ਦੀ ਹੌਸਲਾ ਅਫਜ਼ਾਈ ਕੀਤੀ? ਪਿਛਲੇ ਦਿਨੀਂ ਕਈ ਸਾਰਥਿਕ ਪੰਜਾਬੀ ਫਿਲਮਾਂ ਰਿਲੀਜ਼ ਹੋਈਆਂ ਜਿਨ੍ਹਾਂ 'ਚ ਚੌਥੀ ਕੂਟ, ਗੇਲੋ, ਕੁਦੇਸਣ ਵਰਗੀਆਂ ਹੋਰ ਵੀ ਜਿਕਰਯੋਗ ਫਿਲਮਾਂ ਹਨ ਪਰ ਇਹਨਾਂ ਨੂੰ ਕਿੰਨੇ ਕੁ ਦਰਸ਼ਕ ਨਸੀਬ ਹੋਏ? ਨਰੋਈ ਪਿਰਤ ਪਾਉਣ ਵਾਲੀਆਂ ਸਾਡੀਆਂ ਇਹਨਾਂ ਫਿਲਮਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਪਛਾਣ ਮਿਲਦੀ ਹੈ, ਮੇਲਿਆਂ ਤੇ ਇਨਾਮ ਸਨਮਾਨ ਮਿਲਦੇ ਹਨ ਪਰ ਘਰ 'ਚ ਅਜਿਹੀਆਂ ਫਿਲਮਾ ਦੇ ਦਰਸ਼ਕ ਆਟੇ 'ਚ ਲੂਣ ਬਰਾਬਰ ਵੀ ਨੀ ਹੁੰਦੇ।

ਗੰਦੀ ਸ਼ਬਦਾਵਲੀ ਤੇ ਗੰਦੇ ਨਾਚਾਂ ਵਾਲੀਆਂ ਉਕਸਾਊ ਫਿਲਮਾਂ ਨੂੰ ਪਰਿਵਾਰ ਸਮੇਤ ਦੇਖ ਕੇ ਤਰੱਕੀਪਸੰਦ ਹੋਣ ਦਾ ਭਰਮ ਪਾਲ ਲੈਂਦੇ ਹਾਂ। ਡਾਲਰਾਂ ਤੇ ਪੌਂਡਾਂ ਦੇ ਜ਼ੋਰ ਤੇ ਗਾਈ ਤੇ ਫਿਲਮਾਈ ਜਾ ਰਹੀ ਬੇਸੁਰੀ ਤੇ ਬੇਅਰਥੀ ਗਾਇਕੀ ਨੂੰ ਅਸੀਂ ਆਪਣੀਆਂ ਕਾਰਾਂ, ਟਰੈਕਟਰਾਂ ਤੇ ਬੜੀ ਸ਼ਾਨ ਨਾਲ ਲਾ ਕੇ ਘੁੰਮਦੇ ਆਂ ਪਰ ਸਾਹਿਤਕ ਗੀਤਾਂ ਗ਼ਜ਼ਲਾਂ, ਨਜ਼ਮਾਂ ਵੱਲ ਸਾਡਾ ਵਤੀਰਾ ਬੇਹੱਦ ਬੇਰੁੱਖੀ ਭਰਿਆ ਹੈ। ਹੁਣੇ ਜਿਹੇ ਬੌਲੀਵੁਡ ਦੀ ਫਿਲਮ ਦੇਖਣ ਦਾ ਸਬੱਬ ਬਣਿਆ। ਫਿਲਮ 'ਚ ਅਣਵਿਆਹੀਆਂ ਜੁਆਨ ਲੜਕੀਆਂ ਨੂੰ ਆਉਣ ਵਾਲੀਆਂ ਸਮਾਜਿਕ ਸਮੱਸਿਆਵਾਂ ਬਾਰੇ ਬਹੁਤ ਹੀ ਗਹਿਰਾਈ ਨਾਲ ਚਿੰਤਨ ਕੀਤਾ ਗਿਆ ਹੈ। ਘਰੋਂ ਬਾਹਰ ਰਹਿੰਦੀਆਂ ਵਰਕਿੰਗ ਗਰਲਜ਼ ਦੇ ਸ਼ੌਕ, ਕੰਮ ਦਾ ਬੋਝ, ਮਾਨਸਿਕ ਉਥਲ ਪੁਥਲ, ਉਹਨਾਂ ਪ੍ਰਤੀ ਸਮਾਜਿਕ ਨਜ਼ਰੀਆ, ਇਸਤਰੀ ਪੁਰਸ਼ਾਂ ਬਾਰੇ ਵੱਖੋ-ਵੱਖਰੇ ਮਾਪਦੰਡ, ਵੇਲਾ ਵਿਹਾਅ ਚੁੱਕੀਆਂ ਥੋਥੀਆਂ ਰਸਮਾਂ, ਅਜਿਹੇ ਹੋਰ ਕਈ ਸੰਜੀਦਾ ਸੁਆਲਾਂ ਦੇ ਰੂ-ਬਰੂ ਕਰ ਰਹੀ ਹੈ ਇਹ ਫਿਲਮ। ਚਾਹੀਦਾ ਤਾਂ ਇਹ ਸੀ ਕਿ ਹਰ ਇੱਕ ਜੁਆਨ ਕੁੜੀ ਦੇ ਮਾਪੇ ਪਰਿਵਾਰ ਸਮੇਤ ਇਹ ਫਿਲਮ ਦੇਖਦੇ ਪਰ ਹਾਲ ਵਿੱਚ ਦਰਸ਼ਕਾਂ ਦੀ ਥਾਂ ਤੇ ਖਾਲੀ ਕੁਰਸੀਆਂ ਹੀ ਅਜੋਕੇ ਸਮਾਜ ਦੀ ਨਿਘਰ ਰਹੀ ਸੋਚ ਨੂੰ ਕੋਸ ਰਹੀਆਂ ਸਨ।

ਸਿਰਫ ਤੇ ਸਿਰਫ ਮੁਨਾਫੇ ਤੇ ਅਧਾਰਿਤ ਇਸ ਉਦਯੋਗ ਨੇ ਸਾਡੀ ਸੋਚ, ਸੁਰਤ ਤੇ ਸੁਹਜ ਸੁਆਦ ਚ ਅਜਿਹੀ ਤਬਦੀਲੀ ਲਿਆ ਦਿਤੀ ਹੈ ਕਿ ਅਸੀਂ ਸਾਡੇ ਨਾਲ ਸਿੱਧੇ ਸਬੰਧਿਤ ਸੁਆਲਾਂ ਦੇ ਸਨਮੁੱਖ ਹੋਣੇ ਡਰਨ ਲੱਗ ਪਏ ਹਾਂ। ਮਨੋਰੰਜਨ ਦੇ ਨਾਂ ਹੇਠ ਸਾਡੇ ਨੇਤਰਾਂ ਸੋਤਰਾਂ ਲਈ ਕੂੜ ਕਬਾੜ ਪਰੋਸਿਆ ਜਾ ਰਿਹੈ ਤੇ ਅਸੀਂ ਝੂਮ ਰਹੇ ਹਾਂ। ਜਿੰਨੀ ਦੇਰ ਸਾਡੇ ਸੁਹਜ ਸੁਅਦ ਵਿੱਚ ਤਬਦੀਲੀ ਨਹੀਂ ਆਉਂਦੀ ਤੇ ਅਸੀਂ ਅਜਿਹੇ ਨੀਵੇਂ ਦਰਜੇ ਦੇ ਗੀਤ ਸੰਗੀਤ ਤੇ ਫਿਲਮਾਂ ਨੂੰ ਨਹੀਂ ਨਕਾਰਦੇ ਓਨੀ ਦੇਰ ਬਲਾਤਕਾਰ, ਮਾਰਧਾੜ, ਖੋਹਖਿੱਚ, ਕਤਲੋਗਾਰਦ ਖ਼ਤਮ ਨਹੀਂ ਹੋ ਸਕਦੀ ਤੇ ਨਾਂ ਹੀ ਸਿਹਤਮੰਦ ਸਮਾਜ ਦੀ ਸਿਰਜਣਾ ਹੋ ਸਕਦੀ ਹੈ। ਸਲਾਮ ਹੈ ਅਜਿਹੇ ਯੋਧਿਆਂ ਨੂੰ ਜੋ ਇਹਨਾਂ ਗੰਧਲੇ ਪਾਣੀਆਂ ਨੂੰ ਸਾਫ ਕਰਨ ਲੱਗੇ ਹੋਏ ਹਨ ਤੇ ਲਗਾਤਾਰ ਉਸਾਰੂ ਤੇ ਸਿਹਤਮੰਦ ਸਾਹਿਤ, ਗੀਤ ਸੰਗੀਤ ਤੇ ਫਿਲਮਾਂ ਦਾ ਨਿਰਮਾਣ ਕਰ ਰਹੇ ਨੇ।

ਮੋ. 98761-34028